# ਡਾਇਰੈਕਟੋਰੇਟ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ

ਪਲਾਟਨੰ. 5, ਪਰਿਵਾਰ ਕਲਿਆਣ ਭਵਨ, ਸੈਕਟਰ-34 ਏ, ਚੰਡੀਗੜ੍ਹ

(ਵਿਭਾਗੀ ਚੋਣ ਕਮੇਟੀ)

## (ਜਨਤਕ ਸੂਚਨਾ)

ਡਾਇਰੈਟੋਰੇਟ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ ਵੱਲੋਂ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼, ਫਰੀਦਕੋਟ ਰਾਹੀਂ ਇਸ਼ਤਿਹਾਰ ਨੰ. BFU-23/18, ਇਸ਼ਤਿਹਾਰ ਨੰ BFU-23/22 ਅਤੇ ਇਸ਼ਤਿਹਾਰ ਨੰ. BFU-23/23 ਰਾਹੀਂ ਵੱਖ ਵੱਖ ਕੈਟਾਗਿਰੀਆਂ (ਅਪਥਾਲਮਿਕ ਅਫਸਰ, ਬਲਾਕ ਐਕਸਟੇਸ਼ਨ ਐਜੂਕੇਟਰ, ਆਪਰੇਸ਼ਨ ਥਿਏਟਰ ਸਹਾਇਕ ਅਤੇ ਮੈਡੀਕਲ ਲੈਬਾਰਟਰੀ ਟੈਕਨੀਸ਼ੀਅਨ ਗ੍ਰੇਡ-2) ਦੀਆਂ ਅਸਾਮੀਆਂ ਪ੍ਰਕਾਸ਼ਿਤ ਕੀਤੀਆਂ ਗਈਆਂ ਸਨ। ਬਾਬਾ ਫਰੀਦ ਯੂਨੀਵਰਸਿਟੀ ਵੱਲੋਂ ਇਨ੍ਹਾਂ ਅਸਾਮੀਆਂ ਦੀ ਮਿਤੀ 29-01-2024 ਅਤੇ ਮਿਤੀ 30-1-2024 ਨੂੰ ਰੱਖੀ ਕਾਊਂਸਲਿੰਗ ਵਿੱਚ ਆਪਣੇ ਅਸਲ ਵਿੱਦਿਅਕ ਯੋਗਤਾ ਅਤੇ ਹੋਰ ਪ੍ਰਮਾਣ-ਪੱਤਰ ਪੇਸ਼ ਨਾ ਕਰਨ/ਅਧੂਰੇ ਦਸਤਾਵੇਜ ਪੇਸ਼ ਕਰਨ ਵਾਲੇ ਉਮੀਦਵਾਰ ਅਤੇ ਰਾਖਵੀਂ ਸ਼੍ਰੇਣੀ (ਆਰਥਿਕ ਤੌਰ ਤੇ ਕਮਜ਼ੋਰ ਵਰਗ (EWS), ਅਨੁਸੂਚਿਤ ਜਾਤੀ, ਪੱਛੜੀ ਸ਼੍ਰੇਣੀ, ਸਪੋਰਟਸ, ਫਰੀਡਮ ਫਾਈਟਰ, ਦਿਵਿਆਂਗਜਨ ਅਤੇ ਸਾਬਕਾ ਫੌਜੀ) ਦੇ ਉਮੀਦਵਾਰ ਅਸਲ ਦਸਤਾਵੇਜ਼ੀ ਪ੍ਰਮਾਣ ਪੱਤਰ ਵੈਰੀਫਾਈ ਕਰਵਾਉਣ ਲਈ ਮਿਤੀ 25-07-2024 (ਅਪਥਾਲਮਿਕ ਅਫਸਰ, ਬਲਾਕ ਐਕਸਟੇਸ਼ਨ ਐਜੂਕੇਟਰ, ਆਪਰੇਸ਼ਨ ਥਿਏਟਰ ਸਹਾਇਕ) ਅਤੇ ਮਿਤੀ 26-07-2024 (ਮੈਡੀਕਲ ਲੈਬਾਰਟਰੀ ਟੈਕਨੀਸ਼ੀਅਨ ਗ੍ਰੇਡ-2) ਨੂੰ ਡਾਇਰੈਕਟੋਰੇਟ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ, ਪਰਿਵਾਰ ਕਲਿਆਣ ਭਵਨ, ਸੈਕਟਰ-34 ਏ, ਚੰਡੀਗੜ੍ਹ ਦੇ ਕਾਨਫਰੰਸ ਹਾਲ ਵਿੱਚ ਹਾਜ਼ਰ ਹੋਣ ਦਾ ਸੱਦਾ ਦਿੱਤਾ ਜਾਂਦਾ ਹੈ:-

ਨੋਟ:-

- ਕਾਊਂਸਲਿੰਗ ਵਿੱਚ ਬੁਲਾਏ ਉਮੀਦਵਾਰਾਂ ਦੀ ਸੂਚੀ ਵਿਭਾਗ ਦੀ ਵੈਬਸਾਈਟ Http://health.punjab.gov.in ਤੇ ਅਪਲੋਡ ਕਰ ਦਿੱਤੀ ਗਈ ਹੈ।
- ਇਸ ਕਾਊਂਸਲਿੰਗ ਵਿੱਚ ਗੈਰ-ਹਾਜ਼ਰ ਰਹਿਣ ਵਾਲੇ ਉਮੀਦਵਾਰਾਂ ਨੂੰ ਕੋਈ ਹੋਰ ਮੌਕਾ ਨਹੀਂ ਦਿੱਤਾ ਜਾਵੇਗਾ।
- ਕਾਊਂਸਲਿੰਗ ਲਈ ਬੁਲਾਏ ਗਏ ਉਮੀਦਵਾਰਾਂ ਨੂੰ ਕੋਈ ਟੀ.ਏ./ਡੀ.ਏ. ਨਹੀਂ ਦਿੱਤਾ ਜਾਵੇਗਾ।
- ਕਾਊਂਸਲਿੰਗ ਵਿੱਚ ਹਾਜ਼ਰ ਹੋਣ ਸਮੇਂ ਉਮੀਦਵਾਰ ਅਸਲ ਦਸਤਾਵੇਜ਼ ਪੇਸ਼ ਕਰਨਗੇ ਅਤੇ ਸਬੰਧਤ ਦਸਤਾਵੇਜ ਦੀ ਸਵੈ-ਤਸਦੀਕਸ਼ੁਦਾ ਫੋਟੋ ਕਾਪੀ ਪੇਸ਼ ਕਰਨਗੇ।

HCal 19/7/24

ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ